# ਮਹੱਤਵਪੂਰਣ ਹਦਾਇਤਾਂ

## ਸ਼ਰਨਾਰਥੀ ਹਿਫਾਜ਼ਤ ਡਿਵੀਜ਼ਨ **(RPD / SPR)** ਦੇ ਉਸ ਫੈਸਲੇ ਬਾਰੇ ਤੁਹਾਡੀ ਅਪੀਲ ਜਿਸ ਤਹਿਤ ਤੁਹਾਡਾ ਦਾਅਵਾ ਅਪ੍ਰਵਾਨ ਕੀਤਾ ਗਿਆ

ਆਪਣੀ ਅਪੀਲ ਦਾਇਰ ਅਤੇ ਉਸ ਨੂੰ ਸੰਪੂਰਨ ਕਰਨਾ

**RPD / SPR** ਦੇ ਫ਼ੈਸਲੇ ਦੇ ਲਿਖਤੀ ਕਾਰਣਾਂ ਦੀ ਤੁਹਾਨੂੰ ਪ੍ਰਾਪਤੀ ਤਰੀਕ ਬਾਅਦ 15 ਦਿਨਾਂ ਤੋਂ ਵਧੀਕ ਨਹੀਂ

- ਤੁਹਾਨੂੰ ਅਪੀਲ ਦਾ ਲਿਖਤ ਨੋਟਿਸ ਭਰਨਾ ਪਵੇਗਾ। ਇਨ੍ਹਾਂ ਮਹੱਤਵਪੂਰਣ ਨਿਰਦੇਸ਼ਾਂ ਦੇ ਨਾਲ ਅਪੀਲ ਦਾ ਇੱਕ ਖਾਲੀ ਨੋਟਿਸ ਨੱਥੀ ਹੈ।
- ਤੁਹਾਨੂੰ ਆਪਣੇ ਅਪੀਲ ਦੇ ਨੋਟਿਸ ਦੀ ਤਿੰਨ ਕਾਪੀਆਂ ਸ਼ਰਨਾਰਥੀ ਅਪੀਲ ਡਿਵੀਜ਼ਨ (Refugee Appeal Division (RAD) / Section d’appel des réfugiés (SAR)) ਦੀ ਰਜਿਸਟਰੀ ਨੂੰ ਪ੍ਰਦਾਨ ਕਰਨੀ ਪਵੇਗੀ।
- ਤੁਹਾਡੇ ਨਾਲ ਅਪੀਲ ਕਰ ਰਿਹਾ ਹਰ ਇੱਕ ਵਿਅਕਤੀ ਅਪੀਲ ਦੇ ਨੋਟਿਸ ਤੇ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ ਜਾਂ ਫ਼ੈਸਲੇ ’ਤੇ ਅਪੀਲ ਕਰ ਰਹੇ ਹਰ ਇੱਕ ਵਿਅਕਤੀ ਦੀ ਅਪੀਲ ਦਾ ਨੋਟਿਸ ਸ਼ਰਨਾਰਥੀ ਅਪੀਲ ਡਿਵੀਜ਼ਨ ਨੂੰ ਦੇਣਾ ਪਵੇਗਾ।

**RPD / SPR** ਦੇ ਫ਼ੈਸਲੇ ਦੇ ਲਿਖਤੀ ਕਾਰਣਾਂ ਦੀ ਤੁਹਾਨੂੰ ਪ੍ਰਾਪਤੀ ਤਰੀਕ ਬਾਅਦ 30 ਦਿਨਾਂ ਤੋਂ ਵਧੀਕ ਨਹੀਂ

- ਤੁਹਾਨੂੰ ਅਪੀਲਕਰਤਾ ਰਿਕਾਰਡ ਭਰਨਾ ਪਵੇਗਾ।
- ਤੁਹਾਨੂੰ RAD ਨੂੰ ਆਪਨੇ ਅਪੀਲਕਰਤਾ ਰਿਕਾਰਡ ਦੀਆਂ ਦੋ ਕਾਪੀਆਂ ਪ੍ਰਦਾਨ ਕਰਨਾ ਜਰੂਰੀ ਹੈ।
- ਅਪੀਲਕਰਤਾ ਰਿਕਾਰਡ ਵਿੱਚ ਸ਼ਾਮਿਲ ਕਰਨ ਵਾਲੇ ਦਸਤਾਵੇਜ਼ ਅਤੇ ਜਾਣਕਾਰੀ, ਅਪੀਲਕਰਤਾ ਦੀ ਗਾਈਡ *(Appellant’s Guide / Guide de l’appelant)* ਵਿੱਚ ਹੈ, ਜੋ http://www.irb-cisr.gc.ca/Eng/RefApp/Pages/RefAppKitTro.aspx ਤੇ ਮੌਜੂਦ ਹੈ।

***ਕਿਰਪਾ ਕਰਕੇ ਧਿਆਨ ਦਿਓ:*** ਜੇਕਰ ਤੁਸੀਂ ਅਪੀਲਕਰਤਾ ਰਿਕਾਰਡ ਫ਼ਾਈਲ ਕਰਨ ਦੀ ਸਮਾਂ ਸੀਮਾ ਦੇ ਬਾਅਦ ਅਪੀਲ ਦਾ ਨੋਟਿਸ ਫ਼ਾਈਲ ਕਰਦੇ ਹੋ ਤਾਂ ਤੁਹਾਡੀ ਅਪੀਲ ਖਾਰਜ ਹੋ ਸਕਦੀ ਹੈ।

ਫ਼ਾਈਲ ਕਰਨ ਦੀ ਮਿਆਦ ਦੇ ਵਾਧੇ ਲਈ ਅਰਜ਼ੀ:

ਅਪੀਲ ਦਾ ਨੋਟਿਸ ਅਤੇ ਅਪੀਲਕਰਤਾ ਰਿਕਾਰਡ ਦੋਵੇਂ ਫ਼ਾਈਲ ਕਰਨ ਨੂੰ ਮਿਆਦ ਵਾਧਾ
ਜੇਕਰ ਤੁਸੀਂ ਆਪਣੇ ਅਪੀਲ ਦੇ ਨੋਟਿਸ ਅਤੇ ਆਪਣੇ ਅਪੀਲਕਰਤਾ ਰਿਕਾਰਡ ਨੂੰ ਵਕਤ ਤੇ ਫ਼ਾਈਲ ਕਰਨ ਵਿੱਚ ਅਸਮਰਥ ਸੀ, ਮਿਆਦ ਵਾਧੇ ਲਈ ਤੁਹਾਨੂੰ ਸ਼ਰਨਾਰਥੀ ਅਪੀਲ ਡਿਵੀਜ਼ਨ ਨੂੰ ਅਰਜ਼ੀ ਦੇਣੀ ਪਵੇਗੀ। ਇਸ ਅਰਜ਼ੀ ਵਿੱਚ ਤੁਹਾਨੂੰ ਦੇਰੀ ਦੇ ਕਾਰਣ ਦੇਣੇ ਪੈਣਗੇ। ਮਿਆਦ ਵਾਧੇ ਲਈ ਅਰਜ਼ੀ ਦੇਣ ਵੇਲੇ ਸ਼ਰਨਾਰਥੀ ਅਪੀਲ ਡਿਵੀਜ਼ਨ ਨਿਯਮਾਵਲੀ ਦੇ 6 ਅਤੇ 37 ਨਿਯਮਾਂ ਦਾ ਪਾਲਣ ਕਰਣਾ ਚਾਹੀਦਾ ਹੈ। ਆਪਣੀ ਅਰਜ਼ੀ ਦੇ ਨਾਲ ਤੁਹਾਨੂੰ ਆਪਣੇ ਅਪੀਲ ਦੇ ਨੋਟਿਸ ਦੀਆਂ ਤਿੰਨ ਕਾਪੀਆਂ ਅਤੇ ਆਪਣੇ ਅਪੀਲਕਰਤਾ ਰਿਕਾਰਡ ਦੀ ਦੋ ਕਾਪੀਆਂ ਨੱਥੀ ਕਰਨੀਆਂ ਪੈਣਗੀਆਂ। ਆਪਣੀ ਅਰਜ਼ੀ ਦੇ ਹੱਕ ਵਿੱਚ ਤੁਹਾਨੂੰ ਇੱਕ ਹਲਫੀਆ ਬਿਆਨ (ਐਫੀਡੈਵਿਟ) ਜਾਂ ਵਿਧਾਨਕ ਐਲਾਨ (ਸਟੈਚੂਟੋਰੀ ਡੈਕਲਾਰੇਸ਼ਨ) ਨੱਥੀ ਕਰਨ ਦੀ ਵੀ ਜ਼ਰੂਰਤ ਹੈ।

## ਅਪੀਲਕਰਤਾ ਰਿਕਾਰਡ ਫ਼ਾਈਲ ਕਰਨ ਲਈ ਮਿਆਦ ਵਾਧਾ

ਜੇਕਰ ਤੁਸੀਂ ਆਪਣੇ ਅਪੀਲ ਦੇ ਨੋਟਿਸ ਨੂੰ ਵਕਤ ਤੇ ਫ਼ਾਈਲ ਕੀਤਾ ਸੀ ਪਰ ਆਪਣੇ ਅਪੀਲਕਰਤਾ ਰਿਕਾਰਡ ਨੂੰ ਵਕਤ ਤੇ ਫ਼ਾਈਲ ਕਰਨ ਵਿੱਚ ਅਸਮਰਥ ਸੀ, ਮਿਆਦ ਵਾਧੇ ਲਈ ਤੁਹਾਨੂੰ ਸ਼ਰਨਾਰਥੀ ਅਪੀਲ ਡਿਵੀਜ਼ਨ ਨੂੰ ਅਰਜ਼ੀ ਦੇਣੀ ਪਵੇਗੀ। ਇਸ ਅਰਜ਼ੀ ਵਿੱਚ, ਤੁਹਾਨੂੰ ਦੇਰੀ ਦੇ ਕਾਰਣ ਦੇਣੇ ਪੈਣਗੇ। ਮਿਆਦ ਵਾਧੇ ਲਈ ਅਰਜ਼ੀ ਦੇਣ ਵੇਲੇ ਸ਼ਰਨਾਰਥੀ ਅਪੀਲ ਡਿਵੀਜ਼ਨ ਨਿਯਮਾਵਲੀ ਦੇ 6 ਅਤੇ 37 ਨਿਯਮਾਂ ਦਾ ਪਾਲਣ ਕਰਣਾ ਚਾਹੀਦਾ ਹੈ। ਆਪਣੀ ਅਰਜ਼ੀ ਦੇ ਨਾਲ ਤੁਹਾਨੂੰ ਆਪਣੇ ਅਪੀਲਕਰਤਾ ਰਿਕਾਰਡ ਦੀ ਦੋ ਕਾਪੀਆਂ ਨੱਥੀ ਕਰਨੀ ਪੈਣਗੀਆਂ। ਆਪਣੀ ਅਰਜ਼ੀ ਦੇ ਹੱਕ ਵਿੱਚ ਤੁਹਾਨੂੰ ਇੱਕ ਹਲਫੀਆ ਬਿਆਨ (ਐਫੀਡੈਵਿਟ) ਜਾਂ ਵਿਧਾਨਕ ਐਲਾਨ (ਸਟੈਚੂਟੋਰੀ ਡੈਕਲਾਰੇਸ਼ਨ) ਨੱਥੀ ਕਰਨ ਦੀ ਵੀ ਜ਼ਰੂਰਤ ਹੈ।

## ਆਪਣੇ ਅਪੀਲ ਦਸਤਾਵੇਜਾਂ ਨੂੰ ਕਿੱਥੇ ਫ਼ਾਈਲ ਕਰੋ

ਆਪਣੇ ਦਸਤਾਵੇਜਾਂ ਨੂੰ ਸ਼ਰਨਾਰਥੀ ਅਪੀਲ ਡਿਵੀਜ਼ਨ ਦੇ ਰਜਿਸਟਰੀ ਦਫ਼ਤਰ ਪੁਚਾਓ ਜੋ ਉਹੀ ਖੇਤਰ ਵਿੱਚ ਸਥਿਤ ਹੈ ਜਿੱਥੇ ਸ਼ਰਨਾਰਥੀ ਹਿਫਾਜ਼ਤ ਡਿਵੀਜ਼ਨ ਦਾ ਰਜਿਸਟਰੀ ਦਫ਼ਤਰ ਹੈ ਜਿਸ ਨੇ ਤੁਹਾਨੂੰ ਫ਼ੈਸਲੇ ਦਾ ਨੋਟਿਸ ਪੁਚਾਇਆ ਸੀ।

## ਕਾਨੂੰਨੀ ਸਲਾਹਕਾਰ

ਤੁਸੀ ਸ਼ਾਇਦ ਤੈਅ ਕਰੋ ਕਿ ਅਪੀਲ ਕਰਨ ਵਿੱਚ ਆਪਣੀ ਮਦਦ ਲਈ ਤੁਹਾਨੂੰ ਕੋਈ ਕਾਨੂੰਨੀ ਸਲਾਹਕਾਰ (ਕੌਂਸਲ) ਚਾਹੀਦਾ ਹੈ। ਜੇਕਰ ਤੁਹਾਡਾ ਸਲਾਹਕਾਰ ਤੁਹਾਡੇ ਤੋਂ ਕੋਈ ਫ਼ੀਸ ਲੈ ਰਿਹਾ ਹੈ ਜਾਂ ਹੋਰ ਭੁਗਤਾਨ ਪ੍ਰਾਪਤ ਕਰ ਰਿਹਾ ਹੈ ਤਾਂ ਓਹ ਜ਼ਰੂਰ ਸੂਬਾਈ ਕਨੂੰਨ ਸੋਸਾਇਟੀ, ਨਾਜ਼ਰਾਂ ਦੇ ਕਿਊਬੇੱਕ ਚੈਂਬਰ (Québec Chamber of Notaries (Chambre des notaires du Québec) ਦਾ ਜਾਂ ਕਨੇਡਾ ਨਿਆਮਕ ਪ੍ਰੀਸ਼ਦ ਦੇ ਆਪ੍ਰਵਾਸ ਸਲਾਹਕਾਰਾਂ (Immigration Consultants of Canada Regulatory Council / Conseil de réglementation des consultants en immigration du Canada) ਦਾ ਇੱਕ ਚੰਗਾ ਮੈਂਬਰ (ਵਕੀਲ ਜਾਂ ਪੈਰਾਲੀਗਲ) ਹੋਣਾ ਚਾਹੀਦਾ ਹੈ। ਜੇਕਰ ਤੁਹਾਡਾ ਕਾਨੂੰਨੀ ਸਲਾਹਕਾਰ ਤੁਹਾਡੇ ਤੋਂ ਕੋਈ ਫ਼ੀਸ ਨਹੀਂ ਲੈ ਰਿਹਾ ਹੈ ਤਾਂ ਤੁਹਾਨੂੰ ਜ਼ਰੂਰ ਇੱਕ ਫ਼ਾਰਮ ਭਰਨਾ ਪਵੇਗਾ ਜਿਸ ਨੂੰ ਬਿਨਾਂ ਫ਼ੀਸ ਜਾਂ ਹੋਰ ਵਿਚਾਰ ਦੇ ਪ੍ਰਤਿਨਿਧਤਾ ਦਾ ਨੋਟਿਸ (Notice of Representation Without a Fee or Other Consideration  / Avis – représentant non rémunéré ni autrement rétribué) ਆਖਦੇ ਹਨ ਅਤੇ ਜਿੰਨੀ ਛੇਤੀ ਹੋ ਸਕੇ ਉਸ ਨੂੰ ਮੰਤਰੀ ਅਤੇ ਸ਼ਰਨਾਰਥੀ ਅਪੀਲ ਡਿਵੀਜ਼ਨ ਨੂੰ ਪੁਚਾਉਣਾ ਚਾਹੀਦਾ ਹੈ। ਇਹ ਫ਼ਾਰਮ IRB / CISR ਦੀ ਵੇਬਸਾਇਟ ਤੇ ਉਪਲੱਬਧ ਹੈ (ਹੇਠ ਦੇਖੋ)।

ਜੇਕਰ ਤੁਹਾਡਾ ਕਾਨੂੰਨੀ ਸਲਾਹਕਾਰ ਹੈ, ਤੁਸੀ ਇਹ ਗੱਲ ਪੱਕੀ ਕਰਨ ਲਈ ਜ਼ਿੱਮੇਵਾਰ ਹੋ ਕਿ ਤੁਹਾਡਾ ਕਾਨੂੰਨੀ ਸਲਾਹਕਾਰ ਮਿੱਥੀ ਮਿਆਦ ਤੋਂ ਪਹਿਲਾਂ ਕਾਰਵਾਈ ਕਰਦਾ ਹੈ।

## ਭਾਸ਼ਾ

ਤੁਸੀ ਅਪੀਲ ਦੇ ਨੋਟਿਸ ਨੂੰ ਆਪਣੀ ਚੁਣੀ ਹੋਈ ਕਨੇਡਾ ਦੀ ਆਧਿਕਾਰਿਕ ਭਾਸ਼ਾ (ਅੰਗ੍ਰੇਜ਼ੀ ਜਾਂ ਫ੍ਰੈਂਚ) ਵਿੱਚ ਪ੍ਰਾਪਤ ਕਰਕੇ ਭਰ ਸਕਦੇ ਹੋ। ਕਿਸੇ ਹੋਰ ਭਾਸ਼ਾ ਵਿੱਚ ਕੋਈ ਦਸਤਾਵੇਜ਼ ਅੰਗ੍ਰੇਜ਼ੀ ਜਾਂ ਫ੍ਰੈਂਚ ਅਨੁਵਾਦ ਦੇ ਨਾਲ ਦਿੱਤਾ ਜਾਣਾ ਚਾਹੀਦਾ ਹੈ ਅਤੇ ਅਨੁਵਾਦਕ ਦੁਆਰਾ ਘੋਸ਼ਣਾ ਉੱਤੇ ਹਸਤਾਖਰ ਕੀਤੇ ਹੋਣੇ ਚਾਹੀਦੇ ਹਨ ਕਿ ਅਨੁਵਾਦ ਠੀਕ ਹੈ।

ਅੰਗ੍ਰੇਜ਼ੀ ਅਤੇ ਫ੍ਰੈਂਚ ਵਿੱਚਕਾਰ ਚੁਣਨ ਬਾਰੇ ਅਤੇ ਅਨੁਵਾਦਕ ਦੀ ਮੰਗ ਕਰਨ ਲਈ IRB / CISR ਦੀ ਵੇਬਸਾਇਟ ਤੇ ਉਪਲੱਬਧ ਅਪੀਲਕਰਤਾ ਦੀ ਗਾਈਡ (*Appellant's Guide / Guide de l'appelant*) ਵਧੇਰੇ ਜਾਣਕਾਰੀ ਪ੍ਰਦਾਨ ਕਰਦੀ ਹੈ ਜੇਕਰ ਤੁਹਾਡੀ ਅਪੀਲ ਵਿੱਚ ਜ਼ੁਬਾਨੀ ਸੁਣਵਾਈ ਦਾ ਹੁਕਮ ਹੋਇਆ ਹੈ।

## ਤੁਹਾਡੀ ਜਾਣਕਾਰੀ ਦੂਜੀਆਂ ਸੰਸਥਾਵਾਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ

ਅਪੀਲ ਪ੍ਰਕਿਰਿਆ ਵਿੱਚ ਤੁਹਾਡੇ ਦੁਆਰਾ ਦਿੱਤੀ ਜ਼ਾਤੀ ਜਾਣਕਾਰੀ, ਸ਼ਰਨਾਰਥੀ ਅਪੀਲ ਡਿਵੀਜ਼ਨ ਅੱਗੇ ਤੁਹਾਡੀ ਅਪੀਲ ਸੰਬੰਧਤ ਫ਼ੈਸਲਾ ਲੈਣ ਦੇ ਉਦੇਸ਼ ਲਈ ਆਪ੍ਰਵਾਸ ਅਤੇ ਸ਼ਰਨਾਰਥੀ ਹਿਫਾਜ਼ਤ ਅਧਿਨਿਯਮ *(Immigration and Refugee Protection Act / Loi sur l'immigration et la protection de réfugiés)* ਅਧੀਨ ਇਕੱਠੀ ਕੀਤੀ ਜਾਂਦੀ ਹੈ। ਆਪ੍ਰਵਾਸ ਅਤੇ ਸ਼ਰਨਾਰਥੀ ਹਿਫਾਜ਼ਤ ਅਧਿਨਿਯਮ (*Immigration and Refugee Protection Act)* ਦੇ ਪ੍ਰਸ਼ਾਸਨ ਅਤੇ ਅਮਲ ਕਰਨ ਦੇ ਉਦੇਸ਼ ਲਈ, ਤੁਹਾਡੀ ਜ਼ਾਤੀ ਜਾਣਕਾਰੀ ਦੂੱਜੀ ਸੰਸਥਾਵਾਂ ਸਮੇਤ ਕਨੇਡਾ ਸੀਮਾ ਸੇਵਾ ਏਜੰਸੀ (Canada Border Services Agency / Agence des services frontaliers du Canada), ਆਪ੍ਰਵਾਸ, ਸ਼ਰਨਾਰਥੀ ਅਤੇ ਨਾਗਰਿਕਤਾ ਕਨੇਡਾ (Immigration, Refugees and Citizenship Canada / Immigration, Réfugiés et Citoyenneté Canada), ਕਨੇਡੀਅਨ ਸੁਰੱਖਿਆ ਸੂਘੜ ਸੇਵਾ (Canadian Security Intelligence Service / Service canadien du renseignement de sécurité) ਅਤੇ ਕਨੂੰਨ ਤੇ ਅਮਲ ਕਰਨ ਵਾਲੀ ਏਜੰਸੀਆਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ।

ਵੇਧੇਰੇ ਜਾਣਕਾਰੀ ਅਤੇ ਅਪੀਲਕਰਤਾ ਕਿੱਟ ਦੇ ਇਲੈਕਟ੍ਰਾਨਿਕ ਸੰਸਕਰਣ*, ਜਿਸ ਵਿੱਚ ਫਾਰਮਾਂ ਤੱਕ ਲਿੰਕ ਮੌਜੂਦ ਹਨ, ਇਥੇ ਉਪਲੱਬਧ ਹੈ:
http://www.irb-cisr.gc.ca/Eng/RefApp/Pages/RefAppKitTro.aspx

ਸ਼ਰਨਾਰਥੀ ਅਪੀਲ ਡਿਵੀਜ਼ਨ ਨਿਯਮਾਂ (RAD / SAR ਨਿਯਮਾਂ) ਤੱਕ ਪਹੁੰਚ ਜਸਟਿਸ ਵਿਭਾਗ ਕੈਨੇਡਾ ਦੀ ਵੇਬਸਾਇਟ laws-lois.justice.gc.ca/eng/regulations/SOR-2012-257/index.html ਤੇ ਉਪਲੱਬਧ ਹੈ

* ਜੇਕਰ ਤੁਹਾਡੇ ਕੋਲ ਪ੍ਰਿੰਟਰ ਤੱਕ ਪਹੁੰਚ ਨਹੀਂ ਹੈ, ਤਾਂ ਅਪੀਲਕਰਤਾ ਕਿੱਟ ਦੀ ਕਾਗਜ਼ੀ ਨਕਲ ਪ੍ਰਾਪਤ ਕਰਨ ਲਈ ਕਿਰਪਾ ਕਰਕੇ IRB / CISR ਦੇ ਨਜ਼ਦੀਕੀ ਦਫ਼ਤਰ (ਹੇਠ ਦਿੱਤੀ ਸੰਪਰਕ ਜਾਣਕਾਰੀ ਦੇਖੋ) ਤੇ ਖੁਦ ਆਓ।

ਸ਼ਰਨਾਰਥੀ ਅਪੀਲ ਡਿਵੀਜ਼ਨ ਰਜਿਸਟਰੀਆਂ **(RAD / SAR)** ਲਈ ਸੰਪਰਕ ਜਾਣਕਾਰੀ

ਪੂਰਵੀ ਖੇਤਰ

(ਮੋਂਟਰੀਅਲ)

ਆਪ੍ਰਵਾਸ ਅਤੇ ਸ਼ਰਨਾਰਥੀ ਬੋਰਡ **RAD / SAR** ਰਜਿਸਟਰੀ

Guy-Favreau Complex
200 René-Lévesque Boulevard
WEast Tower, Room 102
Montréal, Quebec H2Z 1X4
ਟੈਲੀਫੋਨ: 514-283-7733 ਜਾਂ 1-866-626-8719
ਫੈਕਸ: 514-496-6629

ਕੇਂਦਰੀ ਖੇਤਰ

(ਟੋਰਂਟੋ)

ਆਪ੍ਰਵਾਸ ਅਤੇ ਸ਼ਰਨਾਰਥੀ ਬੋਰਡ **RAD / SAR** ਰਜਿਸਟਰੀ

74 Victoria Street, Suite 400
Toronto, Ontario M5C 3C7
ਟੈਲੀਫੋਨ: 416-954-1000
ਜਾਂ 1-866-790-0581
ਫੈਕਸ: 416-954-1511

ਪੱਛਮੀ ਖੇਤਰ

(ਵੈਨਕੂਵਰ)

ਆਪ੍ਰਵਾਸ ਅਤੇ ਸ਼ਰਨਾਰਥੀ ਬੋਰਡ **RAD / SAR** ਰਜਿਸਟਰੀ

300 West Georgia Street,
Suite 1600
Vancouver, British Columbia
V6B 6C9
ਟੈਲੀਫੋਨ: 604-666-5946
ਜਾਂ 1-866-787-7472
ਫੈਕਸ: 604-666-9870